(i) **Printed Pages : 3** **Roll No. ..................................**

(ii) **Questions : 5** **Sub. Code : 0 1 0 2**

**Exam. Code : 0 0 0 2**

**B.A./B.Sc. (General) 2nd Semester**

**1048**

**PUNJABI (Compulsory)**

**Paper : (Same for B.A./B.Sc. (Gen.) & B.Sc. (Microbial & Food Tech., Fashion Designing & Shastri 2nd Sem.)**

**Time Allowed : Three Hours]** **[Maximum Marks : 45**

**ਨੋਟ :-** (1) ਸਾਰੇ ਪ੍ਰਸ਼ਨ ਕਰਨੇ ਜ਼ਰੂਰੀ ਹਨ।

(2) ਹਰ ਪ੍ਰਸ਼ਨ ਦੇ ਸਮੁੱਚੇ ਭਾਗ ਇੱਕੋ ਥਾਂ ਉੱਤੇ ਹੱਲ ਕੀਤੇ ਜਾਣ।

I. (ੳ) ਹੇਠ ਲਿਖੀਆਂ ਕਹਾਣੀਆਂ ਵਿਚੋਂ ਕਿਸੇ **ਇੱਕ** ਕਹਾਣੀ ਦਾ ਵਿਸ਼ਾ ਦੱਸ ਕੇ ਸਾਰ ਲਿਖੋ :

(i) ਪਹੁਤਾ ਪਾਂਧੀ

(ii) ਧਰਤੀ ਹੇਠਲਾ ਬੌਲਦ

(iii) ਘੋਟਣਾ। 4+6=10

(ਅ) ਹੇਠ ਲਿਖੇ ਪਾਤਰਾਂ ਵਿੱਚੋਂ ਕਿਸੇ **ਇੱਕ** ਪਾਤਰ ਦਾ ਪਾਤਰ ਚਿਤਰਣ ਕਰੋ :

(i) ਬਾਰੂ (ਬਾਗ਼ਾਂ ਦਾ ਰਾਖਾ)

(ii) ਲੀਸਾ (ਚਿੱਟੀ ਕਬੂਤਰੀ ਦੀ ਤਸਵੀਰ)

(iii) ਨੰਨਾ ਨਾਥ (ਗੁੰਮਸ਼ੁਦਾ) 5

II. ਹੇਠ ਲਿਖੇ ਪ੍ਰਸ਼ਨਾਂ ਵਿੱਚੋਂ ਕਿਸੇ **ਪੰਜ** ਪ੍ਰਸ਼ਨਾਂ ਦੇ ਸੰਖੇਪ ਉੱਤਰ ਲਿਖੋ :

(i) 'ਬਾਗ਼ਾਂ ਦਾ ਰਾਖਾ' ਕਹਾਣੀ ਦੇ ਅੰਤਲੇ ਵਾਕ 'ਡਾਕੂ ਦਾ ਕਿਸੇ ਨੂੰ ਪਤਾ ਨਹੀਂ, ਜੋ ਆਰਾਮ ਨਾਲ ਘਰ ਸੁੱਤਾ ਹੋਇਆ ਸੀ' ਵਿੱਚ ਜਿਸ ਡਾਕੂ ਦਾ ਜ਼ਿਕਰ ਹੋਇਆ ਹੈ, ਉਹ ਕੌਣ ਸੀ ਅਤੇ ਉਹ ਬਾਰੂ ਦੀ ਮੌਤ ਦਾ ਜ਼ਿੰਮੇਵਾਰ ਕਿਵੇਂ ਸੀ ?

(ii) 'ਚੱਟੂ' ਕਹਾਣੀ ਕਿਸਦੀ ਰਚਨਾ ਹੈ ?

(iii) 'ਠੱਗੀ' ਕਹਾਣੀ ਵਿੱਚ ਬੇਬੇ ਭਾਖੜਾ ਬੰਨ੍ਹ ਦੇ ਟੁੱਟਣ ਵਿੱਚ ਖ਼ੁਸ਼ੀ ਕਿਉਂ ਮਹਿਸੂਸ ਕਰਦੀ ਹੈ ?

(iv) 'ਬੱਚੇ ਦੀ ਸ਼ਰਾਰਤ' ਕਹਾਣੀ ਦੇ ਸਿਰਲੇਖ ਸੰਬੰਧੀ ਆਪਣੇ ਵਿਚਾਰ ਪ੍ਰਗਟ ਕਰੋ।

(v) 'ਚੌਥੀ ਕੂਟ' ਕਹਾਣੀ ਵਿੱਚ ਕਹਾਣੀਕਾਰ ਪੰਜਾਬੀਆਂ ਨੂੰ ਕੀ ਸੰਦੇਸ਼ ਦਿੰਦਾ ਹੈ ?

(vi) ਅੰਮ੍ਰਿਤ ਛਕਣ ਮਗਰੋਂ ਚੰਦ ਕੁਰ ਦੇ ਸੁਭਾਅ ਵਿੱਚ ਕੀ ਤਬਦੀਲੀ ਆਈ ?

(vii) 'ਮੋਹ-ਪਾਸ਼' ਕਹਾਣੀ ਦੇ ਅੰਤ ਵਿੱਚ ਕੀ ਵਾਪਰਿਆ ?

(viii) ਬਚਨ ਸਿੰਘ ਕੌਣ ਸੀ ਅਤੇ ਉਹ ਗਰੇਵਾਲ ਕੋਲ ਕਿਉਂ ਆਇਆ ਸੀ ?

$5\times1=5$

III. ਕਾਲਜ ਵਿੱਚ ਹੋਣ ਵਾਲੀ ਯੁਵਕ ਭਲਾਈ ਸਭਾ ਦੀ ਮੀਟਿੰਗ ਸੰਬੰਧੀ ਇੱਕ ਨੋਟਿਸ ਲਿਖੋ।

ਜਾਂ

ਕਾਲਜ ਵਿੱਚ 'ਮਾਂ-ਬੋਲੀ ਦਿਵਸ' ਮੌਕੇ ਕਰਵਾਏ ਜਾ ਰਹੇ ਸਮਾਗਮ ਸੰਬੰਧੀ ਨੋਟਿਸ ਲਿਖੋ। 10

IV. ਹੇਠ ਲਿਖੇ ਮੁਹਾਵਰਿਆਂ ਵਿੱਚੋਂ ਕਿਸੇ **ਪੰਜ** ਦੇ ਅਰਥ ਦੱਸ ਕੇ ਵਾਕ ਬਣਾਉ :
ਉਲਟੀ ਗੰਗਾ ਵਹਾਉਣੀ, ਅਕਲ ਗਿੱਟਿਆਂ ਵਿੱਚ ਹੋਣੀ, ਈਦ ਦਾ ਚੰਨ ਹੋਣਾ, ਹੁੱਕਾ ਪਾਣੀ ਛੇਕਣਾ, ਕੁੱਛੜ ਬਹਿ ਕੇ ਦਾੜ੍ਹੀ ਪੁੱਟਣੀ, ਚਾਂਦੀ ਦੀ ਜੁੱਤੀ ਮਾਰਨੀ, ਵਾਲ ਵਾਲ ਬਚਣਾ। 5

V. (ੳ) ਧੁਨੀ ਗ੍ਰਾਮ ਤੋਂ ਕੀ ਭਾਵ ਹੈ ? ਉਦਾਹਰਨਾਂ ਸਹਿਤ ਚਰਚਾ ਕਰੋ।

**ਜਾਂ**

ਉਚਾਰਨ ਵਿਧੀ ਦੇ ਆਧਾਰ 'ਤੇ ਪੰਜਾਬੀ ਵਿਅੰਜਨਾਂ ਦਾ ਵਰਗੀਕਰਨ ਕਰੋ। 6

(ਅ) ਕੋਈ **ਦੋ** ਪ੍ਰਸ਼ਨ ਹੱਲ ਕਰੋ :

(i) ਖੰਡੀ ਧੁਨੀਆਂ ਕੀ ਹੁੰਦੀਆਂ ਹਨ ?

(ii) ਪੰਜਾਬੀ ਵਿੱਚ ਨਾਸਿਕੀ ਵਿਅੰਜਨ ਕਿਹੜੇ ਹਨ ?

(iii) ਪੰਜਾਬੀ ਵਿੱਚ ਸੁਰ ਧੁਨੀਆਂ ਕਿੰਨੀਆਂ ਅਤੇ ਕਿਹੜੀਆਂ ਹਨ ?

(iv) ਹੇਠ ਲਿਖੇ ਵਿਅੰਜਨਾਂ ਵਿੱਚੋਂ ਡੱਕਵੇਂ ਅਤੇ ਅਡੱਕਵੇਂ ਵਿਅੰਜਨਾਂ ਨੂੰ ਵੱਖ-ਵੱਖ ਕਰਕੇ ਲਿਖੋ :
ਜ, ਮ, ਗ, ਪ, ਰ, ਣ, ਸ, ਲ 2+2=4